ਵਲੋਂ

ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਸੇਵਾ ਵਿਚ

1. ਡਿਪਟੀ ਡਾਇਰੈਕਟਰ (ਫੀਲਡ),
ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਫਿਰੋਜ਼ਪੁਰ, ਜਲੰਧਰ ਅਤੇ ਪਟਿਆਲਾ।
2. ਸਮੂਹ ਜ਼ਿਲ੍ਹਾ ਕੰਟਰੋਲਰ,
ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿਚ।

ਮੀਮੋ ਨੰ: 1/413/2009/ਅਖ-1/*1171*
ਮਿਤੀ, ਚੰਡੀਗੜ੍ਹ *24-09-2009*

ਵਿਸ਼ਾ:- ***ਖਰੀਫ ਸਾਲ 2009-10 ਦੌਰਾਨ ਝੋਨੇ ਦੀ ਖਰੀਦ ਸਬੰਧੀ ਪਾਲਿਸੀ।***

ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਖਰੀਫ ਸੀਜ਼ਨ *2009-10* ਦੌਰਾਨ ਝੋਨੇ ਦੀ ਖਰੀਦ ਭਾਰਤ ਸਰਕਾਰ ਵਲੋਂ ਨਿਸ਼ਚਿਤ ਕੀਤੀ ਕੀਮਤ ਤੇ ਪੰਜਾਬ ਰਾਜ ਦੀਆਂ ਸਮੂਹ ਖਰੀਦ ਏਜੰਸੀਆਂ ਸਮੇਤ ਐਫ.ਸੀ.ਆਈ. ਵਲੋਂ ਕੀਤੀ ਜਾਣੀ ਹੈ।

ਭਾਰਤ ਸਰਕਾਰ ਵਲੋਂ ਘੋਸ਼ਣਾ ਕੀਤੀ ਗਈ ਹੈ ਕਿ ਖਰੀਫ ਸੀਜ਼ਨ *2009-10* ਦੌਰਾਨ ਝੋਨੇ ਦੀ ਖਰੀਦ ਮਿਤੀ 1-10-2009 ਤੋਂ 31-12-2009 ਤੱਕ ਕੀਤੀ ਜਾਵੇਗੀ। ਖਰੀਦ ਦੌਰਾਨ ਸਾਰੀਆਂ ਖਰੀਦ ਏਜੰਸੀਆਂ ਦੇ ਮੁੱਖ ਦਫਤਰਾਂ, ਜ਼ਿਲ੍ਹਾ ਦਫਤਰਾਂ ਦੇ ਅਧਿਕਾਰੀਆਂ ਅਤੇ ਖੇਤਰੀ ਅਮਲੇ ਵਲੋਂ ਜਿਨਾਂ ਮਹੱਤਵਪੂਰਨ ਨੁਕਤਿਆਂ ਦੀ ਪਾਲਣਾ ਕੀਤੀ ਜਾਣੀ ਹੈ, ਉਹ ਹੇਠ ਅਨੁਸਾਰ ਹਨ :-

1 ਝੋਨੇ ਦੀ ਕੀਮਤ

ਭਾਰਤ ਸਰਕਾਰ ਵੱਲੋ ਖਰੀਫ ਸੀਜ਼ਨ *2009-10* ਲਈ ਝੋਨੇ ਦੀ ਘੱਟੋ ਘੱਟ ਕੀਮਤ ਘੋਸ਼ਿਤ ਕਰ ਦਿੱਤੀ ਗਈ ਹੈ ਜੋ ਗਰੇਡ 'ਏ' ਝੋਨੇ ਲਈ 980/- ਰੁਪਏ ਪ੍ਰਤੀ ਕੁਇੰਟਲ ਅਤੇ ਆਮ ਕਿਸਮ (ਕਾਮਨ ਵਰਾਇਟੀ) ਲਈ 950/- ਰੁਪਏ ਪ੍ਰਤੀ ਕੁਇੰਟਲ ਨਿਸ਼ਚਿਤ ਕੀਤੀ ਗਈ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਜਿੰਮੀਦਾਰਾਂ ਵੱਲੋ ਜਿਹੜੀ ਐਫ.ਏ.ਕਿਊ ਕੁਆਲਟੀ ਦਾ ਝੋਨਾਂ ਮੰਡੀਆਂ ਵਿੱਚ ਲਿਆਂਦਾ ਜਾਂਦਾ ਹੈ ਅਤੇ ਉਹ ਮਿੱਥੇ ਮਾਪਦੰਡਾਂ ਮੁਤਾਬਿਕ ਹੈ, ਉਸ ਨੂੰ ਭਾਰਤ ਸਰਕਾਰ ਵੱਲੋ ਘੋਸ਼ਿਤ ਘੱਟੋ ਘੱਟ ਸਮੱਰਥਨ ਮੁੱਲ ਤੇ ਖਰੀਦਿਆ ਜਾਵੇ ਅਤੇ ਕਿਸੇ ਵੀ ਹਾਲਤ ਵਿੱਚ ਘੱਟੋ ਘੱਟ ਸਮੱਰਥਨ ਮੁੱਲ ਤੋ ਘੱਟ ਰੇਟ ਤੇ ਨਾ ਵਿਕਣ ਦਿਤਾ ਜਾਵੇ।

2 ਮੰਡੀਆਂ/ਖਰੀਦ ਕੇਦਰਾਂ ਦੀ ਸੂਚੀ

ਖਰੀਫ ਸੀਜ਼ਨ *2009-10* ਦੌਰਾਨ ਝੋਨੇ ਦੀ ਖਰੀਦ ਲਈ ਜਿਹੜੀਆਂ ਮੰਡੀਆਂ /ਖਰੀਦ ਕੇਦਰ ਖੋ੍ਹਲੇ ਜਾਣੇ ਹਨ ਉਨਾਂ ਦੀ ਸੂਚੀ ਅਲੱਗ ਤੌਰ ਤੇ ਭੇਜੀ ਜਾ ਚੁੱਕੀ ਹੈ।

3 ਝੋਨੇ ਦੀ ਖਰੀਦ ਲਈ ਏਜੰਸੀਆਂ ਦਾ ਅੰਦਾਜ਼ਨ ਹਿੱਸਾ

ਖਰੀਫ ਸੀਜ਼ਨ *2009-10* ਦੌਰਾਨ ਵੱਖ ਵੱਖ ਖਰੀਦ ਏਜੰਸੀਆਂ ਵਲੋਂ ਹੇਠ ਲਿਖੇ ਅਨੁਸਾਰ ਝੋਨੇ ਦੀ ਖਰੀਦ ਭਾਰਤ ਸਰਕਾਰ ਵਲੋਂ ਮਿੱਥੇ ਮਿਆਰਾਂ ਅਨੁਸਾਰ ਕੀਤੀ ਜਾਵੇ :-

| ਏਜੰਸੀ ਦਾ ਨਾਂ | ਹਿੱਸਾ (ਅਨੁਪਾਤ) | ਸ਼ਮਕਦਾਰ (ਲੱਖ ਮੀ.ਟਨਾਂ ਵਿੱਚ) |
|---|---|---|
| ਪਨਗਰੇਨ | **30%** | **42.00** |
| ਐਫ.ਸੀ.ਆਈ. | **10%** | **14.00** |
| ਮਾਰਕਫੈਡ | **20%** | **28.00** |
| ਪਨਸਪ | **20%** | **28.00** |
| ਵੇਅਰਹਾਊਸ | **12%** | **16.80** |
| ਪੰਜਾਬ ਐਗਰੋ | **8%** | **11.20** |
| ਕੁੱਲ ਜੋੜ | **100%** | **140.00** |

ਵੱਖ-ਵੱਖ ਖਰੀਦ ਏਜੰਸੀਆਂ ਦਾ ਖਰੀਦ ਦਾ ਟੀਚਾ 2009-10 ਦੌਰਾਨ ਫਸਲ ਦੀ ਅਨੁਮਾਨਤ ਪੈਦਾਵਾਰ ਦੇ ਆਧਾਰ ਤੇ ਹੀ ਨਿਸ਼ਚਿਤ ਕੀਤਾ ਗਿਆ ਹੈ, ਪਰ ਜਿਸ ਏਜੰਸੀ ਨੂੰ ਜਿਹੜੀ ਮੰਡੀ ਨਿਰਧਾਰਿਤ ਕੀਤੀ ਗਈ ਹੈ, ਉਹ ਏਜੰਸੀ ਉਸ ਮੰਡੀ ਵਿੱਚ ਝੋਨੇ ਦੀ ਖਰੀਦ ਉਸ ਸਮੇ ਤੱਕ ਜਾਰੀ ਰੱਖੇਗੀ ਜਿਸ ਸਮੇ ਤੱਕ ਝੋਨੇ ਦੀ ਆਮਦ ਮੰਡੀ ਵਿੱਚ ਹੋ ਰਹੀ ਹੈ। ਸਮੂਹ ਖਰੀਦ ਏਜੰਸੀਆਂ ਨੂੰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਖਰੀਦ ਸਬੰਧੀ ਜੋ ਟੀਚੇ ਨਿਸ਼ਚਿਤ ਕੀਤੇ ਗਏ ਹਨ ਉਹ ਰਾਜ ਪੱਧਰ ਲਈ ਨਿਸ਼ਚਿਤ ਕੀਤੇ ਗਏ ਹਨ ਨਾ ਕਿ ਜ਼ਿਲ੍ਹਾਵਾਰ/ਕੇਦੰਰ ਵਾਰ ਭਾਵ ਕਿਸੇ ਵੀ ਏਜੰਸੀ ਨੂੰ ਜ਼ਿਲ੍ਹਾਵਾਰ ਜਾਂ ਕੇਦੰਰਵਾਰ ਝੋਨੇ ਦੀ ਖਰੀਦ ਦੇ ਟੀਚੇ ਨਹੀਂ ਦਿੱਤੇ ਗਏ। ਜਿਸ ਕੇਦੰਰ ਤੇ ਇੱਕ ਤੋਂ ਵੱਧ ਖਰੀਦ ਏਜੰਸੀਆਂ ਕੰਮ ਕਰਦੀਆਂ ਹਨ, ਉਨ੍ਹਾਂ ਕੇਦਰਾਂ ਤੇ ਆੜ੍ਹਤੀਆਂ ਦੇ ਫੜ੍ਹਾਂ ਦੀ ਵੰਡ ਖਰੀਦ ਏਜੰਸੀਆਂ ਵਿਚਕਾਰ ਜ਼ਿਲ੍ਹਾ ਖੁਰਾਕ ਸਪਲਾਈਜ਼ ਕੰਟਰੋਲਰਾਂ ਦੁਆਰਾ ਬਰਾਬਰ ਕੀਤੀ ਜਾਵੇਗੀ।

4 ਮੰਡੀਆਂ ਵਿੱਚ ਅਮਲੇ ਦੀ ਨਿਯੁਕਤੀ

ਸਾਰੀਆਂ ਖਰੀਦ ਏਜੰਸੀਆਂ ਇਹ ਯਕੀਨੀ ਬਣਾਉਣਗੀਆਂ ਕਿ ਜਿਹੜੀਆਂ ਮੰਡੀਆਂ ਉਹਨਾਂ ਨੂੰ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਮੰਡੀਆਂ ਵਿੱਚ ਅਮਲੇ ਦੀ ਨਿਯੁਕਤੀ ਮਿਤੀ 28-9-2009 ਤੱਕ ਕਰਕੇ ਸੂਚੀਆਂ ਸਬੰਧਤ ਜ਼ਿਲ੍ਹਾ ਕੰਟਰੋਲਰਾਂ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਨੂੰ ਭੇਜ ਦਿੱਤੀਆਂ ਹਨ ਅਤੇ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰਾਂ ਵਲੋਂ ਇਹ ਸੂਚੀਆਂ ਮੁੱਖ ਦਫਤਰ ਵਿਖੇ ਮਿਤੀ 30-9-2009 ਤੱਕ ਭੇਜਦੇ ਹੋਏ ਇਹ ਤਸਦੀਕ ਕੀਤਾ ਜਾਵੇਗਾ ਕਿ ਸਾਰੀਆਂ ਏਜੰਸੀਆਂ ਦਾ ਅਮਲਾ ਮੰਡੀਆਂ ਵਿੱਚ ਹਾਜ਼ਰ ਹੋ ਗਿਆ ਹੈ। ਜਿਹੜਾ ਅਮਲਾ ਮੰਡੀਆਂ ਵਿੱਚ ਨਿਯੁਕਤ ਕੀਤਾ ਜਾਂਦਾ ਹੈ, ਉਹ ਇਹ ਯਕੀਨੀ ਬਣਾਏਗਾ ਕਿ ਮੰਡੀਆਂ ਵਿੱਚ ਆੜ੍ਹਤੀਆਂ ਕੋਲ ਮੰਡੀ ਬੋਰਡ ਦੇ ਉਪ-ਨਿਯਮ ਅਧੀਨ ਲੋੜ ਅਨੁਸਾਰ ਸਾਰੇ ਪ੍ਰਬੰਧ ਮੌਜੂਦ ਹਨ, ਤਾਂ ਜੋ ਕਿਸਾਨਾਂ ਨੂੰ ਆਪਣੀ ਜਿਨਸ ਵੇਚਣ ਵਿੱਚ ਕੋਈ ਔਕੜ ਪੇਸ਼ ਨਾ ਆਵੇ।

5 ਬੋਲੀ ਦਾ ਸਮਾਂ

ਖਰੀਦ ਕੇਂਦਰਾਂ ਤੇ ਬੋਲੀ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਮੰਡੀ ਬੋਰਡ/ਮਾਰਕੀਟ ਕਮੇਟੀ ਵਲੋ ਨਿਰਧਾਰਿਤ ਕੀਤੇ ਸਮੇਂ ਸਵੇਰੇ 10-00 ਵਜੇ ਤੋਂ ਸ਼ਾਮ 6-00 ਵਜੇ ਤੱਕ ਲਗਾਈ ਜਾਵੇ ਅਤੇ ਕਿਸੇ ਵੀ ਹਾਲਤ ਵਿੱਚ ਬੋਲੀ ਰਾਤ ਦੇ ਸਮੇ ਨਾ ਲਗਾਈ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜਦੋ ਸਵੇਰੇ 10-00 ਵਜੇ ਨੂੰ ਬੋਲੀ ਸ਼ੁਰੂ ਹੋਵੇ ਤਾਂ ਬੋਲੀ ਦੇ ਨਾਲ ਨਾਲ ਵਿਭਾਗ ਦਾ ਸਬੰਧਤ ਨਿਰੀਖਕ, ਸਬੰਧਤ ਖਰੀਦ ਏਜੰਸੀ ਦਾ ਨੁਮਾਇਦਾ ਅਤੇ ਮਾਰਕੀਟ ਕਮੇਟੀ ਦਾ ਸਬੰਧਤ ਕਰਮਚਾਰੀ ਵੀ ਹਾਜਰ ਰਹੇਗਾ।

ਬੋਲੀ ਸ਼ੁਰੂ ਕਰਨ ਤੋ ਪਹਿਲਾਂ ਪੰਜਾਬ ਰਾਜ ਮੰਡੀ ਬੋਰਡ ਵੱਲੋ ਪੰਜਾਬ ਮਾਰਕੀਟ ਉਪ-ਨਿਯਮ ਦੇ ਅਧੀਨ ਸਮੇ ਸਮੇ ਸਿਰ ਜ਼ਾਰੀ ਹਦਾਇਤਾਂ ਅਨੁਸਾਰ ਜਿੰਮੀਦਾਰਾਂ ਵੱਲੋ ਲਿਆਂਦੀ ਜਿਨਸ ਦੀ ਸਫਾਈ ਮੰਡੀ ਬੋਰਡ ਦੇ ਅਮਲੇ ਵੱਲੋ ਆੜ੍ਹਤੀਆਂ ਤੋ ਕਰਵਾ ਕੇ ਹਰ ਇੱਕ ਢੇਰੀ ਤੇ ਪਲੇ-ਕਾਰਡ ਲਗਾਉਣੇ ਜ਼ਰੂਰੀ ਹਨ। ਇਸ ਲਈ ਸਿਰਫ ਉਨ੍ਹਾਂ ਢੇਰੀਆਂ ਦੀ ਹੀ ਬੋਲੀ ਲਗਾਈ ਜਾਵੇ, ਜਿਹਨਾਂ ਦੀ ਸਫਾਈ ਹੋ ਚੁੱਕੀ ਹੋਵੇ। ਜਿਹੜੀਆਂ ਢੇਰੀਆਂ ਦੀ ਸਫਾਈ ਨਾਂ ਹੋਈ ਹੋਵੇ ਜਾਂ ਢੇਰੀਆਂ ਵਿੱਚ ਸਿੱਲ ਦੀ ਮਾਤਰਾ ਮਿੱਥੇ ਹੋਏ ਮਿਆਰਾਂ (ਸਪੈਸੀਫਿਕੇਸ਼ਨਾਂ) ਤੋਂ ਜ਼ਿਆਦਾ ਹੋਵੇ ਅਤੇ ਖਰੀਦਣ ਯੋਗ ਨਾ ਹੋਣ, ਉਨਾਂ ਢੇਰੀਆਂ ਨੂੰ ਪੀ.ਆਰ.-1 ਰਜਿਸਟਰ (ਮੰਡੀ ਆਮਦ ਰਜਿਸਟਰ) ਵਿੱਚ ਦਰਜ਼ ਜ਼ਰੂਰ ਕੀਤਾ ਜਾਵੇ ਪਰ ਉਨਾਂ ਦੇ ਅੱਗੇ ਵਿਸ਼ੇਸ਼ ਕਥਨ ਦੇ ਖਾਨੇ ਵਿੱਚ ਬੋਲੀ ਨਾ ਲਗਾਉਣ ਦਾ ਕਾਰਨ ਜ਼ਰੂਰ ਅੰਕਿਤ ਕੀਤਾ ਜਾਵੇ। ਢੇਰੀਆਂ ਵਿੱਚ ਨਮੀ ਦੀ ਮਾਤਰਾ ਜਾਨਣ ਲਈ ਮਾਰਕੀਟ ਬੋਰਡ ਵੱਲੋ ਰੱਖੇ ਹੋਏ ਨਮੀ ਮਾਪਣ ਵਾਲੇ ਯੰਤਰਾਂ ਦੀ ਵਰਤੋ ਕੀਤੀ ਜਾਵੇ ਅਤੇ ਇਨਾਂ ਨਮੀ ਮਾਪਣ ਵਾਲੇ ਯੰਤਰਾਂ ਦੀ ਕਾਰਜਵਿਧੀ ਦੀ ਪਰਖ ਸੀਜ਼ਨ ਸ਼ੁਰੂ ਹੋਣ ਤੋ ਪਹਿਲਾਂ ਕਰਵਾ ਲਈ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰ ਆੜ੍ਹਤੀਏ ਪਾਸ ਲੋੜੀਦੇ ਬਿਜਲੀ ਨਾਲ ਚੱਲਣ ਵਾਲੇ ਪੱਖਿਆਂ ਦਾ ਅਤੇ ਜਨਰੇਟਰ ਦਾ ਪੂਰਾ ਪ੍ਰਬੰਧ ਹੈ। ਜੇਕਰ ਮੰਡੀ ਵਿੱਚ ਕਰੇਟਾਂ ਦੀ ਜ਼ਰੂਰਤ ਹੋਵੇ ਤਾਂ ਸਬੰਧਤ ਏਜੰਸੀ ਉਥੇ ਕਰੇਟ ਮੁਹੱਈਆਂ ਕਰਵਾਏਗੀ। ਇਸ ਤੋ ਬਿਨਾਂ ਹਰ ਖਰੀਦ ਏਜੰਸੀ ਦਾ ਇੰਚਾਰਜ਼, ਜਿਸਦੀ ਹਾਜ਼ਰੀ ਵਿੱਚ ਬੋਲੀ ਲੱਗੇਗੀ ਉਹ ਬੋਲੀ ਰਜਿਸਟਰ ਤੇ ਮਿਤੀ ਅਤੇ ਸਮੇ ਸਮੇਤ ਆਪਣੇ ਹਸਤਾਖਰ ਕਰੇਗਾ, ਜਿਸ ਦਾ ਨਿਰੀਖਣ ਸਬੰਧਤ ਜ਼ਿਲ੍ਹਾ ਅਧਿਕਾਰੀ ਕਰਨਗੇ। ਅਗਰ ਕੋਈ ਨਿਰੀਖਕ ਬੋਲੀ ਸਮੇ ਹਾਜ਼ਰ ਨਹੀ ਹੁੰਦਾ ਜਾਂ ਆਪਣੇ ਹਸਤਾਖਰ ਨਹੀ ਕਰਦਾ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ/ ਜ਼ਿਲ੍ਹਾ ਮੈਨੇਜਰ ਦੀ ਹੋਵੇਗੀ ਜਿਸ ਨੂੰ ਸ਼ਖਤੀ ਨਾਲ ਲਿਆ ਜਾਵੇਗਾ।

6 ਪੀ.ਆਰ. 1 ਰਜਿਸਟਰ

ਹਰ ਇੱਕ ਮੰਡੀ ਅਤੇ ਖਰੀਦ ਕੇਂਦਰ ਵਿਖੇ ਤਸਦੀਕ ਕੀਤਾ ਹੋਇਆ ਪੀ.ਆਰ 1 ਰਜਿਸਟਰ ਲਗਾਇਆ ਜਾਵੇਗਾ ਅਤੇ ਉਸ ਵਿੱਚ ਕਿਸਾਨ ਦਾ ਨਾਂ, ਉਸ ਦੇ ਪਿਤਾ ਦਾ ਨਾਂ, ਮੁਕੰਮਲ ਪਤਾ,ਰੇਟ ਅਤੇ ਅੰਦਾਜਨ ਵਜਨ ਦਰਜ਼ ਕੀਤਾ ਜਾਵੇਗਾ।ਜੇਕਰ ਕਿਸੇ ਢੇਰੀ ਦੀ ਬੋਲੀ ਨਹੀ ਲਗਾਈ ਜਾਂਦੀ ਤਾਂ ਬੋਲੀ ਨਾਂ ਲੱਗਣ ਦੇ ਕਾਰਨ ਵਿਸ਼ੇਸ਼ ਕਥਨਾਂ ਵਿੱਚ ਦਰਜ਼ ਕੀਤੇ ਜਾਣਗੇ। ਪੀ.ਆਰ 1 ਰਜਿਸਟਰ ਵਿੱਚ ਹਰ ਰੋਜ ਦੀਆਂ ਐਟਰੀਆਂ ਉਪਰੰਤ ਇਸ ਸਬੰਧੀ ਪੀ.ਆਰ 54 ਰਿਪੋਰਟ ਸੰਖੇਪ ਵਿੱਚ ਤਿਆਰ ਕੀਤੀ ਜਾਵੇਗੀ, ਜਿਸ ਵਿੱਚ ਸਮੂਹ ਖਰੀਦ ਏਜੰਸੀਆਂ ਵੱਲੋ ਖਰੀਦੀ ਪੈਡੀ ਦੇ ਅੰਕੜੇ ਦਰਜ਼ ਹੋਣਗੇ ਅਤੇ ਖਰੀਦ ਅਮਲਾ ਉਸ ਉੱਤੇ ਹਰ ਰੋਜ ਪੂਰੇ ਦਸਖਤ ਕਰੇਗਾ। ਏਰੀਏ ਦੇ ਸੁਪਰਵਾਈਜ਼ਰੀ ਅਧਿਕਾਰੀ ਜਿਵੇ ਕਿ ਸ:ਖ:ਸ:ਅ/ਖੁ:ਸ:ਅ/ਜਿ:ਖ:ਸ:ਕੰ/ਡਿ:ਡ: ਜਾਂ ਮੁੱਖ ਦਫਤਰ ਤੋ ਕੋਈ ਅਧਿਕਾਰੀ ਜਦੋ ਵੀ ਮੰਡੀ ਦਾ ਦੌਰਾ ਕਰਨਗੇ ਤਾਂ ਪੀ.ਆਰ 1 ਰਜਿਸਟਰ ਵਿੱਚ ਆਪਣੇ ਕਥਨ ਦਰਜ਼ ਕਰਨਗੇ।ਜੇਕਰ ਮੰਡੀ ਵਿੱਚ ਪੈਡੀ ਦੀ ਖਰੀਦ ਸਬੰਧੀ ਕੋਈ ਉਣਤਾਈਆਂ ਪਾਈਆਂ ਜਾਣ ਤਾਂ ਇਸ ਸਬੰਧੀ ਲੋੜ ਪੈਣ ਤੇ ਡ:ਖ:ਸ ਜੀ ਨੂੰ ਇਸ ਸਬੰਧੀ ਟੈਲੀਫੋਨ ਤੇ ਜਾਂ ਲਿਖਤੀ ਤੌਰ ਤੇ ਸੂਚਨਾਂ ਭੇਜਣਗੇ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਖਰੀਦ ਅਮਲੇ ਵੱਲੋ ਕਈ ਵਾਰ ਬੋਲੀ ਹੋਣ ਤੋ ਉਪਰੰਤ ਮਾਰਕੀਟ ਕਮੇਟੀ ਦੇ ਦਰਜ਼ ਕੀਤੇ ਅੰਕੜੇ ਹੀ ਪੀ.ਆਰ 1 ਰਜਿਸਟਰ ਵਿੱਚ ਦਰਜ਼ ਕਰ ਲਏ ਜਾਂਦੇ ਹਨ ਜੋ ਕਿ ਠੀਕ ਨਹੀ ਹੈ। ਮੁੱਖ ਦਫਤਰ ਵੱਲੋ ਪੀ.ਆਰ1 ਰਜਿਸਟਰ ਸਬੰਧੀ ਜੋ ਹਦਾਇਤਾਂ ਪੱਤਰ ਨੰਬਰ ਅਖ-1/877/2004/293 ਮਿਤੀ 2-3-04 ਰਾਹੀ ਜਾਰੀ ਕੀਤੀਆਂ ਗਈਆਂ ਹਨ, ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਜੇਕਰ ਭਾਰਤ ਸਰਕਾਰ ਵੱਲੋ ਪੈਡੀ ਉੱਤੇ ਕੋਈ ਬੋਨਸ ਦਾ ਐਲਾਨ ਕੀਤਾ ਜਾਂਦਾ ਹੈ ਤਾਂ ਬੋਨਸ ਦੇਣ ਸਬੰਧੀ ਅੰਦਰਾਜ ਖਰੀਦ ਕੀਮਤ ਤੋਂ ਅਲੱਗ ਦਰਜ਼ ਕੀਤੇ ਜਾਣ (ਭਾਵ ਰੇਟ + ਬੋਨਸ), ਕਿਉਂਕਿ ਟਰੇਡਰਜ਼ ਵਲੋਂ ਦਿੱਤਾ ਗਿਆ ਰੇਟ ਘੱਟ ਤੋਂ ਘੱਟ ਸਮਰਥਨ ਮੁੱਲ ਤੋ ਘੱਟ ਜਾਂ ਵੱਧ ਪੈਡੀ ਦੀ ਕੁਆਲਟੀ ਉੱਤੇ ਨਿਰਭਰ ਹੁੰਦਾ ਹੈ ਅਤੇ ਬੋਨਸ ਦੀ ਕੀਮਤ ਤੇ ਕਿਸੇ ਕਿਸਮ ਦਾ ਕੋਈ ਟੈਕਸ ਵੀ ਨਹੀ ਦਿੱਤਾ ਜਾਣਾ ਹੁੰਦਾ।

7 ਬੋਰੀਆਂ ਤੇ ਛਾਪਾ ਲਗਾਉਣ ਬਾਰੇ

ਭਾਵੇਂ ਹਰ ਸਾਲ ਏਜੰਸੀਆਂ ਵੱਲੋ ਖਰੀਦ ਕੀਤੇ ਗਏ ਝੋਨੇ ਦੀਆਂ ਬੋਰੀਆਂ ਤੇ ਆੜ੍ਹਤੀਆਂ ਦਾ ਨਾਂ ਉਸ ਦਾ ਲਾਇਸੰਸ ਨੰਬਰ, ਕੇਦਰ ਦਾ ਨਾਂ ਅਤੇ ਫਸਲੀ ਸਾਲ ਆਦਿ ਦਾ ਛਾਪਾ ਲਗਾਉਣ ਦੀਆਂ ਹਦਾਇਤਾਂ

ਜ਼ਾਰੀ ਕੀਤੀਆਂ ਜਾਂਦੀਆਂ ਹਨ, ਪਰੰਤੂ ਆੜ੍ਹਤੀਆਂ ਵੱਲੋ ਇਨਾਂ ਹਦਾਇਤਾਂ ਦੀ ਪਾਲਣਾ ਸਹੀ ਤਰੀਕੇ ਨਾਲ ਨਹੀ ਕੀਤੀ ਜਾਂਦੀ। ਸਰਕਾਰ ਨੇ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਹੈ ਅਤੇ ਇਹ ਯਕੀਨੀ ਬਣਾਉਣ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਹਰ ਆੜ੍ਹਤੀਏ ਰਾਂਹੀ ਜੋ ਝੋਨੇ ਦੀ ਖਰੀਦ ਸਰਕਾਰੀ ਏਜੰਸੀ ਵੱਲੋ ਕੀਤੀ ਜਾਵੇਗੀ, ਉਸ ਤੇ ਹਰ ਆੜ੍ਹਤੀਏ ਦਾ ਛਾਪਾ, ਜਿਸ ਤੇ ਫਸਲੀ ਸਾਲ, ਆੜ੍ਹਤੀਏ ਦਾ ਪੂਰਾ ਨਾਂ, ਜਿਨਸ ਦਾ ਨਾਂ ਅਤੇ ਖਰੀਦ ਕੇਦਰ ਦੇ ਨਾਂ ਦਾ ਛਾਪਾ ਲਾਇਆ ਜਾਵੇ ਅਤੇ ਇਹ ਛਾਪਾ ਲਾਲ ਸਿਆਹੀ ਵਾਲੀ ਮਾਰਕਿੰਗ ਵਿੱਚ (ਪੜਨਯੋਗ) ਹੋਣਾ ਚਾਹੀਦਾ ਹੈ। ਬੋਰੀਆਂ ਦੀ ਸਿਲਾਈ ਵੀ ਲਾਲ ਰੰਗ ਦੇ ਧਾਗੇ ਨਾਲ ਕੀਤੀ ਜਾਵੇ। ਇਸ ਸਬੰਧੀ ਭਾਰਤ ਸਰਕਾਰ ਤੋਂ ਪ੍ਰਾਪਤ ਪੱਤਰ ਨੰ: 15(10)-2003/ਪੀ.ਵਾਈ.111, ਮਿਤੀ 26-11-2008 ਅਤੇ ਮੁੱਖ ਦਫਤਰ ਦੁਆਰਾ ਪੱਤਰ ਨੰ: 1/393/2008/ਅਖ-1/1485 ਮਿਤੀ 12-12-2008 ਰਾਂਹੀਂ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

8 ਬੋਰੀਆਂ ਦੀ ਸਿਲਾਈ

ਬੋਰੀਆਂ ਦੀ ਸਿਲਾਈ ਦਾ ਕੰਮ ਪੰਜਾਬ ਰਾਜ ਮੰਡੀ ਬੋਰਡ ਦੀਆਂ ਹਦਾਇਤਾਂ/ਬਾਈ ਲਾਅਜ਼ ਅਨੁਸਾਰ ਹੀ ਕਰਵਾਇਆ ਜਾਵੇ ਅਤੇ ਹਰ ਇੱਕ ਬੋਰੀ ਦੀ ਸਿਲਾਈ ਹੱਥ ਨਾਲ ਜੋ ਵੀ ਹਦਾਇਤਾਂ ਹੋਣ, ਅਨੁਸਾਰ ਪੂਰੇ ਪੂਰੇ ਟਾਂਕੇ ਲਾ ਕੇ ਕਰਵਾਈ ਜਾਵੇ।

9 ਬੋਰੀਆਂ ਵਿੱਚ ਝੋਨੇ ਦੀ ਭਰਾਈ ਬਾਰੇ

ਭਾਰਤ ਸਰਕਾਰ ਵੱਲੋ ਖਰੀਫ ਸੀਜ਼ਨ 2009-10 ਦੌਰਾਨ ਝੋਨੇ ਨੂੰ 50 ਕਿਲੋ ਦੀ ਬੋਰੀ ਵਿੱਚ ਭਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ 50 ਕਿਲੋ ਵਾਲੀ ਬੋਰੀ ਵਿੱਚ 35 ਕਿਲੋ ਝੋਨੇ ਦੀ ਭਰਾਈ ਕੀਤੀ ਜਾਵੇ।

10 ਬਾਰਦਾਨੇ ਦਾ ਪ੍ਰਬੰਧ ਕਰਨ ਸਬੰਧੀ।

ਖਰੀਫ ਸੀਜ਼ਨ 2009-10 ਦੌਰਾਨ ਪੈਡੀ ਦੀ ਖਰੀਦ ਕਰਨ ਸਬੰਧੀ ਮੁੱਖ ਦਫਤਰ ਵੱਲੋ 50 ਕਿਲੋ ਦੀ ਭਰਤੀ ਦੀਆਂ ਬੋਰੀਆਂ ਦਾ ਲੋੜੀਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ ਅਤੇ ਹਰ ਇੱਕ ਜਿਲੇ ਵਿੱਚ ਲੋੜ ਅਨੁਸਾਰ ਬਾਰਦਾਨਾ ਸਪਲਾਈ ਕੀਤਾ ਗਿਆ ਹੈ। ਖੇਤਰੀ ਅਧਿਕਾਰੀ ਇਸ ਸਬੰਧੀ ਮੰਡੀਆਂ ਵਿੱਚ ਲੋੜ ਅਨੁਸਾਰ ਬਾਰਦਾਨਾ ਖਰੀਦ ਤੋ ਪਹਿਲਾਂ ਪਹਿਲਾਂ ਭੇਜਣਾ ਯਕੀਨੀ ਬਣਾਉਣ ਅਤੇ ਹਰ ਰੋਜ ਦੀ ਬਾਰਦਾਨੇ ਦੀ ਵਰਤੋ ਉਪਰ ਨਿਗਰਾਨੀ ਰੱਖਣ। ਜੇਕਰ ਕਿਸੇ ਜਿਲੇ ਵਿੱਚ ਬਾਰਦਾਨੇ ਦੀ ਘਾਟ ਸਮਝੀ ਜਾਵੇ ਤਾਂ ਮੁੱਖ ਦਫਤਰ ਦੇ ਧਿਆਨ ਵਿੱਚ ਟੈਲੀਫੋਨ ਤੇ ਤੁਰੰਤ ਹੀ ਲਿਆਂਦਾ ਜਾਵੇ ਤਾਂ ਜੋ ਲੋੜੀਦੇ ਪ੍ਰਬੰਧ ਕੀਤੇ ਜਾ ਸਕਣ।

ਕਈ ਵਾਰ ਮੰਡੀ ਵਿਚ ਬਾਰਦਾਨੇ ਦੀ ਟੈਮਪਰੇਰੀ ਘਾਟ ਦੇ ਬਹਾਨੇ ਆੜਤੀਆਂ ਦੁਆਰਾ ਪ੍ਰਾਈਵੇਟ ਬਾਰਦਾਨਾ ਵਰਤ ਲਿਆ ਜਾਂਦਾ ਹੈ ਜੋ ਕਿ ਨਿਯਮਾਂ ਦੇ ਅਨੁਕੂਲ ਨਹੀ ਹੈ। ਕਿਸੇ ਵੀ ਮੰਡੀ ਵਿਚ ਆੜਤੀਆਂ ਦੁਆਰਾ ਪ੍ਰਾਈਵੇਟ ਬਾਰਦਾਨਾ ਵਰਤਣ ਦਾ ਗੰਭੀਰ ਨੋਟਿਸ ਲੈਦੇ ਹੋਏ ਸਖਤ ਕਾਰਵਾਈ ਕੀਤੀ ਜਾਵੇਗੀ।

11 ਬੋਰੀਆਂ ਦੀ ਚੁਕਵਾਈ ਸਬੰਧੀ।

ਇਹ ਯਕੀਨੀ ਬਣਾਇਆ ਜਾਵੇ ਕਿ ਹਰ ਏਜੰਸੀ ਜਲਦੀ ਤੋ ਜਲਦੀ ਪਰ 72 ਘੰਟਿਆਂ ਤੋ ਪਹਿਲਾਂ ਖਰੀਦੇ ਗਏ ਝੋਨੇ ਨੂੰ ਮੰਡੀਆਂ ਵਿੱਚੋ ਚੁੱਕ ਕੇ ਭੰਡਾਰ ਕਰਨ ਵਾਲੀ ਥਾਂ ਤੇ ਲੈ ਜਾਵੇਗੀ। ਹਰ ਰੋਜ਼ ਜਿੱਥੇ ਉਹ ਖਰੀਦ ਦੇ ਅੰਕੜੇ ਜ਼ਿਲ੍ਹਾ ਦਫਤਰ/ਮੁੱਖ ਦਫਤਰ ਨੂੰ ਦੱਸਦੇ ਹਨ, ਉਥੇ ਨਾਲ ਹੀ ਨਾਲ ਖਰੀਦ ਕੀਤੀ ਗਈ ਮਿਕਦਾਰ ਵਿੱਚੋ ਕਿੰਨੀ ਮਿਕਦਾਰ ਚੁੱਕੀ ਗਈ ਹੈ, ਦੇ ਵੇਰਵੇ ਵੀ ਹਰ ਰੋਜ਼ ਮੁੱਖ ਦਫਤਰ ਦੇ ਕੰਟਰੋਲ ਰੂਮ ਵਿੱਚ ਦਿੱਤੇ ਜਾਣਗੇ।

12 ਢੋਆ ਢੁਆਈ

ਆਮ ਤੋਰ ਤੇ ਮੰਡੀਆ ਵਿੱਚ ਕਿਸਾਨਾਂ ਵੱਲੋ ਭਾਰੀ ਮਾਤਰਾ ਵਿੱਚ ਝੋਨਾ ਲਿਆਉਣ ਕਾਰਨ ਝੋਨੇ ਦੀ ਬਹੁਤਾਤ ਹੋ ਜਾਂਦੀ ਹੈ, ਜਿਸ ਕਾਰਨ ਕਈ ਵਾਰ ਟਰੱਕਾਂ ਦੀ ਘਾਟ ਹੋਣ ਕਾਰਨ ਚੁਕਾਈ ਦੀ ਸਮੱਸਿਆ ਹੋ ਜਾਂਦੀ ਹੈ। ਇਸ ਲਈ ਟਰੱਕਾਂ ਵਿੱਚੋ ਪੈਡੀ ਦੀ ਨਿਰਵਿਘਨ ਉਤਰਾਈ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਟਰੱਕ ਵੱਧ ਤੋ ਵੱਧ ਚੱਕਰ ਲਗਾ ਸਕਣ।

13 ਅਦਾਇਗੀ ਸਬੰਧੀ

ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਰਨ ਸਬੰਧੀ ਵਿਸਥਾਰ ਸਹਿਤ ਹਦਾਇਤਾਂ ਕੰਟਰੋਲਰ ਖੁਰਾਕ ਲੇਖਾ,ਮੁੱਖ ਦਫਤਰ ਵੱਲੋ ਜਾਰੀ ਕੀਤੀਆਂ ਜਾਣਗੀਆਂ। ਇਹ ਯਕੀਨੀ ਬਣਾਇਆ ਜਾਵੇ ਕਿ ਖਰੀਦ ਕੀਤੇ ਝੋਨੇ ਦੀ ਅਦਾਇਗੀ ਸਬੰਧੀ ਇਹਨਾਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ। ਅਦਾਇਗੀ ਸਬੰਧੀ ਸੂਚਨਾਂ ਹਰ ਰੋਜ਼ ਟੈਲੀਫੋਨ/ਫੈਕਸ ਰਾਹੀ ਕੰਟਰੋਲਰ ਖੁਰਾਕ ਲੇਖਾ ਨੂੰ ਭੇਜੀ ਜਾਵੇਗੀ, ਤਾਂ ਜੋ ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਜਾ ਸਕੇ।

14 ਪੈਡੀ ਨੂੰ ਖਰੀਦ ਉਪਰੰਤ ਭੰਡਾਰ ਕਰਨ ਸਬੰਧੀ।

ਖਰੀਦ ਕੇਦਰਾਂ ਸਬੰਧੀ ਲਿਸਟ ਵੱਖਰੇ ਤੌਰ ਤੇ ਜਾਰੀ ਕੀਤੀ ਜਾ ਚੁੱਕੀ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਪੈਡੀ ਦੇ ਸਟਾਕਸ ਚੌਲ ਸ਼ਾਖਾ ਵੱਲੋ ਕਸਟਮ ਮਿਲਿੰਗ ਸਬੰਧੀ ਖਰੀਫ 2009-10 ਲ.ਈ ਜਾਰੀ ਕੀਤੀ ਪਾਲਿਸੀ ਅਨੁਸਾਰ ਭੰਡਾਰ ਕੀਤੀ ਜਾਵੇ।

15 ਅੰਕੜਿਆਂ ਸਬੰਧੀ ਸੂਚਨਾਂ

ਮੁੱਖ ਦਫਤਰ ਵਿਖੇ ਕੰਟਰੋਲ ਰੂਮ ਸਾਰਾ ਸਾਲ ਟੈਲੀਫੋਨ ਨੰਬਰ 0172-2702120, 2703535 ਅਤੇ 2702356 ਨਾਲ ਚਾਲੂ ਰਹਿੰਦਾ ਹੈ, ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਸਰਕਲ ਦਫਤਰ ਵਿਖੇ ਚੱਲ ਰਹੇ ਕੰਟਰੋਲ ਰੂਮ ਸੀਜ਼ਨ ਦੋਰਾਨ ਸਹੀ ਤਰੀਕੇ ਨਾਲ ਚਾਲੂ ਰਹਿਣ ਅਤੇ ਕੰਟਰੋਲ ਰੂਮ ਵਿੱਚ ਸੂਝਵਾਨ ਕਰਮਚਾਰੀਆਂ ਨੂੰ ਲਗਾਇਆ ਜਾਵੇ ਜਿਹੜੇ ਕਿ ਹਰ ਰੋਜ਼ ਝੋਨੇ ਦੀ ਖਰੀਦ ਦੇ ਅੰਕੜੇ ਮੁੱਖ ਦਫਤਰ ਵਿਖੇ ਕੰਟਰੋਲ

ਰੂਮ ਵਿੱਚ ਸਮੇ ਸਿਰ ਦੇਣਗੇ। ਜ਼ਿਲ੍ਹਾ ਅਧਿਕਾਰੀ ਹਰ ਰੋਜ਼ ਇਸ ਗੱਲ ਦੀ ਨਿੱਜੀ ਤੋਰ ਤੇ ਤਸੱਲੀ ਕਰਨਗੇ ਕਿ ਸੂਚਨਾਂ ਮੁੱਖ ਦਫਤਰ ਨੂੰ ਭੇਜ ਦਿੱਤੀ ਗਈ ਹੈ।

16 ਮੰਡੀਆਂ ਵਿੱਚ ਪ੍ਰਬੰਧ

ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਅਤੇ ਜ਼ਿਲ੍ਹਾ ਮੰਡੀ ਅਫਸਰ ਇਹ ਯਕੀਨੀ ਬਣਾਉਣ ਕਿ ਮੰਡੀਆਂ ਵਿੱਚ ਮੰਡੀ ਬੋਰਡ ਵੱਲੋ ਫੜ੍ਹਾਂ ਦੀ ਸਫਾਈ, ਮੰਡੀਆਂ ਵਿੱਚ ਬਿਜਲੀ, ਛਾਂ ਤੇ ਪਾਣੀ ਦਾ ਪ੍ਰਬੰਧ , ਨਮੀ ਮਾਪਣ ਵਾਲੇ ਯੰਤਰ ਅਤੇ ਆੜ੍ਹਤੀਆਂ ਵੱਲੋ ਆਪਣੀ ਦੁਕਾਨ ਤੇ ਤਰਪਾਲਾਂ, ਪੋਲੀਥੀਨ ਕਵਰ ਅਤੇ ਲੋੜ ਅਨੁਸਾਰ ਮਕੈਨੀਕਲ ਕਲੀਨਰਾਂ ਦਾ ਪ੍ਰਬੰਧ ਝੋਨੇ ਦੀ ਆਮਦ ਹੋਣ ਤੋਂ ਪਹਿਲਾਂ ਪਹਿਲਾਂ ਮੁਕੰਮਲ ਕਰ ਲਿਆ ਗਿਆ ਹੈ। ਹਰ ਇੱਕ ਖਰੀਦ ਕੇਦਰ ਤੇ ਪੀਣ ਵਾਲੇ ਸਾਫ ਸੁਥਰੇ ਪਾਣੀ ਦਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਪੰਜਾਬ ਮੰਡੀ ਬੋਰਡ ਦੀ ਹੈ। ਮੰਡੀ ਬੋਰਡ ਵੱਲੋਂ ਕੀਤੇ ਜਾਣ ਵਾਲੇ ਸਾਰੇ ਪ੍ਰਬੰਧਾਂ ਸਬੰਧੀ ਸਬੰਧਤ ਖਰੀਦ ਏਜੰਸੀ ਵੀ ਇਹ ਤਸਦੀਕ ਕਰੇਗੀ ਕਿ ਖਰੀਦ ਕੇਦਰ ਤੇ ਸਾਰੇ ਪ੍ਰਬੰਧ ਮੋਜੂਦ ਹਨ।

17 ਖੁਰਾਕ ਤੇ ਸਪਲਾਈ ਵਿਭਾਗ ਹਰ ਇੱਕ ਮੰਡੀ/ਖਰੀਦ ਕੇਦਰ ਤੇ ਬਤੋਰ ਨੋਡਲ ਏਜੰਸੀ ਦੇ ਕੰਮ ਕਰਦਾ ਹੈ। ਇਸ ਲਈ ਹਰ ਇੱਕ ਮੰਡੀ ਵਿੱਚ ਖੁਰਾਕ ਤੇ ਸਪਲਾਈ ਵਿਭਾਗ ਦੇ ਨਿਯੁਕਤ ਨਿਰੀਖਕ ਗਰੇਡ-1 /ਨਿਰੀਖਕ ਗਰੇਡ-2 ਵੱਲੋ ਹੇਠ ਲਿਖੇ ਅਨੁਸਾਰ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾਵੇ:-

(ੳ) ਮੰਡੀ ਵਿੱਚ ਖਰੀਦ ਕਰ ਰਹੀ ਏਜੰਸੀ/ਆੜ੍ਹਤੀਆਂ ਕੋਲ ਬਾਰਦਾਨਾਂ, ਲੱਕੜੀ ਦੇ ਕਰੇਟ, ਤਰਪਾਲਾ ਅਤੇ ਪੋਲੀਥੀਨ ਕਵਰ ਲੋੜੀਦੀ ਮਾਤਰਾ ਵਿੱਚ ਉਪਲੱਬਧ ਹਨ।

(ਅ) ਸਬੰਧਤ ਏਜੰਸੀ ਵੱਲੋ ਮਜਦੂਰੀ ਅਤੇ ਢੋਆ ਢੁਆਈ ਦੇ ਠੇਕੇ ਦਾ ਇੰਤਜ਼ਾਮ ਹੈ।

(ੲ) ਸਬੰਧਤ ਏਜੰਸੀ ਕੋਲ ਖਰੀਦ ਅਨੁਸਾਰ ਭੰਡਾਰਕ ਸਮਰੱਥਾ ਦਾ ਇੰਤਜ਼ਾਮ ਹੈ।

(ਸ) ਸਬੰਧਤ ਮਾਰਕੀਟ ਕਮੇਟੀ ਵੱਲੋ ਪੱਕੇ ਫੜ੍ਹਾਂ ਦਾ ਇੰਤਜ਼ਾਮ, ਰੋਸ਼ਨੀ ਅਤੇ ਪਾਣੀ/ਸਫਾਈ/ਛਾਂ ਦਾ ਪ੍ਰਬੰਧ ਕੀਤਾ ਗਿਆ ਹੈ।

(ਹ) ਮਾਰਕੀਟ ਕਮੇਟੀ ਵੱਲੋ ਬਿਜਲੀ ਦਾ ਪਾਵਰ ਕੁਨੈਕਸ਼ਨ ਲੈਦੇ ਹੋਏ ਆੜ੍ਹਤੀਆਂ ਨੂੰ ਅੱਗੇ ਕੁਨੈਕਸ਼ਨ ਦੇ ਦਿੱਤੇ ਗਏ ਹਨ।

(ਕ) ਆੜ੍ਹਤੀਆਂ ਕੋਲ ਮੰਡੀ ਬੋਰਡ ਦੇ ਉਪ ਨਿਯਮਾਂ ਅਧੀਨ ਤਰਪਾਲਾਂ, ਪੋਲੀਥੀਨ ਕਵਰ, ਪਾਵਰ ਕਲੀਨਰਾਂ ਅਤੇ ਸਟੈਡ ਬਾਈ ਜਨਰੇਟਰਾਂ ਦਾ ਪੂਰਾ ਇੰਤਜ਼ਾਮ ਹੈ।

(ਖ) ਹਰ ਇਕ ਖਰੀਦ ਕੇਦਰ ਦੇ ਦਫਤਰ ਵਿੱਚ ਖਰੀਦ ਕੇਦਰ ਦੇ ਇੰਚਾਰਜ ਦਾ ਨਾਂ/ਪਤਾ ਅਤੇ ਸਮੂੰਹ ਅਮਲੇ ਦੇ ਟੈਲੀਫੋਨ ਨੰਬਰ ਉਪਲਬਧ ਹੋਣਗੇ ਤਾਂ ਜੋ ਲੋੜ ਅਨੁਸਾਰ ਉਹਨਾਂ ਨਾਲ ਸੰਪਰਕ ਕੀਤਾ ਜਾ ਸਕੇ।

ਉਪਰੋਕਤ ਅਨੁਸਾਰ ਪ੍ਰਬੰਧਾਂ ਨੂੰ ਪੂਰਾ ਕਰਵਾਉਣਾ ਖੁਰਾਕ ਤੇ ਸਪਲਾਈ ਵਿਭਾਗ ਦੀ ਜਿੰਮੇਵਾਰੀ ਹੇ। ਜੇਕਰ ਸੀਜ਼ਨ ਦੋਰਾਨ ਕਿਸੇ ਭੰਡਾਰ ਕਰਨ ਵਾਲੀ ਵਸਤੂ ਦੀ ਘਾਟ ਆਈ ਤਾਂ ਮੰਡੀ ਬੋਰਡ ਦੇ ਕਰਮਚਾਰੀਆਂ ਦੇ ਨਾਲ ਖੁਰਾਕ ਤੇ ਸਪਲਾਈ ਵਿਭਾਗ ਦਾ ਸਬੰਧਤ ਅਮਲਾ ਵੀ ਜਿੰਮੇਵਾਰ ਹੋਵੇਗਾ।

18 ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਘਟਾਉਣ ਬਾਰੇ

ਝੋਨੇ ਦੀ ਖਰੀਦ ਦੀ ਗਤੀਵਿੱਧੀ ਨੂੰ ਸਚੱਜੇ ਢੰਗ ਨਾਲ ਚਲਾਉਣ ਲਈ ਅਤੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਮੋਕੇ ਤੇ ਹੀ ਨਿਪਟਾਉਣ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਵੱਲੋ ਝਗੜਾ ਨਿਪਟਾਊ ਕਮੇਟੀਆਂ ਦਾ ਗਠਨ ਕੀਤਾ ਜਾਣਾ ਹੈ, ਜਿਸਦੇ ਸਬੰਧਤ ਖਰੀਦ ਏਜੰਸੀ, ਮੰਡੀ ਬੋਰਡ, ਆੜ੍ਹਤੀਆਂ, ਚਾਵਲ ਮਿੱਲ ਮਾਲਕਾਂ ਅਤੇ ਕਿਸਾਨਾਂ ਦੇ ਨੁਮਾਇੰਦੇ ਮੈਬਰ ਹਨ। ਇਸ ਲਈ ਜੇਕਰ ਕਿਸੇ ਜਿੰਮੀਦਾਰ ਵੱਲੋ ਝੋਨੇ ਦੀ ਵੇਚ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸਦਾ ਨਿਪਟਾਰਾ ਇਸ ਕਮੇਟੀ ਵੱਲੋ ਮੋਕੇ ਤੇ ਹੀ ਕਰਵਾਇਆ ਜਾਵੇ।

19 ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਮੰਡੀ/ਖਰੀਦ ਕੇਦਰ ਵਿੱਚ ਝੋਨੇ ਦੀ ਖਰੀਦ ਹਰ ਐਤਵਾਰ ਅਤੇ ਹਰ ਛੁੱਟੀ ਵਾਲੇ ਦਿਨ ਵੀ ਕੀਤੀ ਜਾਵੇਗੀ ਤਾਂ ਜੋ ਮੰਡੀ ਵਿੱਚ ਝੋਨੇ ਦੀ ਬਹੁਤਾਤ ਨਾ ਹੋਵੇ। ਇਸ ਲਈ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਹਰ ਐਤਵਾਰ ਅਤੇ ਹਰ ਛੁੱਟੀ ਵਾਲੇ ਦਿਨ ਵੀ ਮੰਡੀ ਵਿੱਚ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ।

20 ਸਰਕਾਰ ਵੱਲੋ ਇਹ ਫੈਸਲਾ ਕੀਤਾ ਗਿਆ ਹੈ ਕਿ ਮੰਡੀ ਵਿੱਚ ਖਰੀਦ ਦੇ ਕੰਮ ਲਈ ਨਿਯੁਕਤ ਕੀਤੇ ਹੋਏ ਕਰਮਚਾਰੀਆਂ ਨੂੰ ਖਰੀਦ ਸੀਜ਼ਨ ਦੋਰਾਨ ਛੁੱਟੀ ਨਾ ਦਿੱਤੀ ਜਾਵੇ।

21 ਮੰਡੀਆਂ ਵਿੱਚ ਝੋਨੇ ਦੀ ਬਹੁਤਾਤ ਨੂੰ ਵੇਖਦੇ ਹੋਏ ਗਲੱਟ ਤੋ ਬਚਣ ਲਈ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਐਫ.ਸੀ.ਆਈ. ਦੁਆਰਾ ਝੋਨੇ ਦੇ ਸੀਜ਼ਨ ਦੋਰਾਨ ਸਾਮ 5-00 ਵਜੇ ਤੋ ਬਾਅਦ ਵੀ ਲੋੜ ਅਨੁਸਾਰ ਅਨਲੋਡਿੰਗ ਦਾ ਕੰਮ ਜਾਰੀ ਰੱਖਿਆ ਜਾਵੇ।

22 ਖਰੀਦ ਏਜੰਸੀਆਂ ਦੇ ਅਮਲੇ ਨੂੰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਆੜ੍ਹਤੀਏ, ਖਰੀਦ ਏਜੰਸੀਆਂ ਦੇ ਜਾਂ ਮੰਡੀ ਬੋਰਡ ਦੇ ਅਮਲੇ ਵੱਲੋ ਕਿਸਾਨਾਂ ਤੋ ਝੋਨੇ ਦੀ ਖਰੀਦ ਸਬੰਧੀ ਨਜਾਇਜ ਕਟੋਤੀ ਸਬੰਧੀ ਸ਼ਿਕਾਇਤ ਪ੍ਰਾਪਤ ਹੋਈ ਤਾਂ ਇਸ ਸਬੰਧੀ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਹੋਰ ਕਾਰਵਾਈ ਦੇ ਨਾਲ ਫੋਜਦਾਰੀ ਕੇਸ ਵੀ ਦਰਜ਼ ਕਰਵਾਇਆ ਜਾ ਸਕਦਾ ਹੈ। ਇਸ ਲਈ ਸਮੂਹ ਖਰੀਦ ਏਜੰਸੀਆਂ ਅਤੇ ਮੰਡੀ ਬੋਰਡ ਦਾ ਅਮਲਾ ਅਤੇ ਆੜ੍ਹਤੀਏ ਇਸ ਸਬੰਧੀ ਸੁਚੇਤ ਰਹਿਣ।

23 ਖਰੀਦ ਨਾਲ ਸਬੰਧਤ ਸਾਰੇ ਨੁਕਤਿਆਂ ਸਬੰਧੀ ਪਾਲਿਸੀ ਵਿਚ ਉਪਬੰਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪ੍ਰੰਤੂ ਖਰੀਦ ਦੋਰਾਨ ਜੇਕਰ ਕੋਈ ਅਜਿਹਾ ਨੁਕਤਾ ਸਾਹਮਣੇ ਆਉਂਦਾ ਹੈ ਜਿਸ ਬਾਰੇ ਪਾਲਿਸੀ ਵਿਚ ਸਪਸ਼ਟ ਨਾਂ ਕੀਤਾ ਗਿਆ ਹੋਵੇ, ਅਜਿਹੇ ਨੁਕਤਿਆਂ ਸਬੰਧੀ ਡਾਇਰੈਕਟਰ ਖੁਰਾਕ ਸਿਵਲ ਸਪਲਾਈਜ਼ ਅਤੇ

ਖਪਤਕਾਰ ਮਾਮਲੇ ਵਿਭਾਗ ਪੰਜਾਬ ਜੀ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਨੂੰ ਇਸ ਪਾਲਿਸੀ ਦਾ ਹਿੱਸਾ ਮੰਨਿਆ ਜਾਵੇਗਾ।

ਉਪਰੋਕਤ ਪਾਲਿਸੀ ਦੀ ਇੰਨ ਬਿਨ ਪਾਲਣਾ ਕੀਤੀ ਜਾਵੇ ਅਤੇ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵੱਲੋ ਕਿਸੇ ਕਿਸਮ ਦੀ ਅਣ-ਗਹਿਲੀ ਕੀਤੀ ਜਾਦੀ ਹੈ ਤਾਂ ਉਸ ਵਿਰੁੱਧ ਸ਼ਖਤ ਪ੍ਰਸਾਸ਼ਨਿਕ ਕਾਰਵਾਈ ਕੀਤੀ ਜਾਵੇਗੀ।

ਸਹੀ/-

ਵਧੀਕ ਡਾਇਰੈਕਟਰ ਖੁਰਾਕ ਤੇ ਸਪਲਾਈਜ਼

ਪਿੱਠ ਅੰਕਣ ਨੰ: 1/413/2009/ਅਖ-1/*1172* ਮਿਤੀ, ਚੰਡੀਗੜ੍ਹ: *24-09-2009*

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਮੈਨੇਜਿੰਗ ਡਾਇਰੈਕਟਰ, ਪਨਗਰੇਨ, ਜੀਵਨਦੀਪ ਬਿਲਡਿੰਗ ਸੈਕਟਰ-17, ਚੰਡੀਗੜ੍ਹ।
2 ਮੈਨੇਜਿੰਗ ਡਾਇਰੇਕਟਰ, ਮਾਰਕਫੈਡ, ਸੈਕਟਰ-35, ਚੰਡੀਗੜ੍ਹ।
3 ਮੈਨੇਜਿੰਗ ਡਾਇਰੈਕਟਰ, ਪਨਸਪ, ਸੈਕਟਰ-34, ਚੰਡੀਗੜ੍ਹ।
4 ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਗੁਦਾਮ ਨਿਗਮ, ਸੈਕਟਰ-17, ਚੰਡੀਗੜ੍ਹ।
5 ਮੈਨੇਜਿੰਗ ਡਾਇਰੈਕਟਰ, ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ, ਸੈਕਟਰ-26, ਚੰਡੀਗੜ੍ਹ।
6 ਜਨਰਲ ਮੈਨੇਜਰ, ਐਫ.ਸੀ.ਆਈ(ਪੰਜਾਬ ਖੇਤਰ), ਚੰਡੀਗੜ੍ਹ।
7 ਸਕੱਤਰ, ਪੰਜਾਬ ਰਾਜ ਮੰਡੀ ਬੋਰਡ, ਸੈਕਟਰ-17, ਚੰਡੀਗੜ੍ਹ।
8 ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਵਿੱਚ।
9 ਨਿੱਜੀ ਸਕੱਤਰ/ਖੁਰਾਕ ਤੇ ਸਪਲਾਈਜ਼ ਮੰਤਰੀ, ਪੰਜਾਬ।
10 ਨਿੱਜੀ ਸਹਾਇਕ/ਸਕੱਤਰ, ਖੁਰਾਕ ਤੇ ਸਪਲਾਈਜ਼, ਪੰਜਾਬ।
11 ਨਿੱਜੀ ਸਹਾਇਕ/ਡਾਇਰੈਕਟਰ, ਖੁਰਾਕ ਤੇ ਸਪਲਾਈਜ਼, ਪੰਜਾਬ।
12 ਕੰਟਰੋਲਰ ਖੁਰਾਕ ਲੇਖਾ ਅਤੇ ਸੰਯੁਕਤ ਡਾਇਰੈਕਟਰ (ਸਟੋਰੇਜ਼/ਮੂਵਮੈਂਟ), ਮੁੱਖ ਦਫਤਰ।
13 ਸਮੂਹ ਅਫਸਰ ਸਾਹਿਬਾਨ, ਮੁੱਖ ਦਫਤਰ।
14 ਸੁਪਰਡੰਟ ਅੰਕੜਾ/ਕੰਪਿਊਟਰ ਸ਼ਾਖਾ, ਮੁੱਖ ਦਫਤਰ।

ਸਹੀ/-

ਵਧੀਕ ਡਾਇਰੈਕਟਰ ਖੁਰਾਕ ਤੇ ਸਪਲਾਈਜ਼